# ਮਾਂ ਪੰਜਾਬੀ ਨੂੰ

ਚੰਡੀਗੜ੍ਹ ਵਾਲੇ ਸਾਂਭ ਨਾਂ ਸੱਕੇ
ਮਾਂ ਪੰਜਾਬੀ  ਨੂੰ
ਦਫਤਰਾਂ ਦੇ ਵਿਚ ਮਿਲਦੇ ਧੱਕੇ
ਮਾਂ ਪੰਜਾਬੀ  ਨੂੰ

ਸਾਰੀ ਚਿਠੀ  ਪਤਰੀ
ਅੰਗ੍ਰੇਜ਼ੀ ਵਿਚ ਕਰਦੇ ਨੇ
ਦੋ ਸਤਰਾਂ ਵੀ ਹਿੰਦੀ ਦੇ ਵਿਚ
ਲਿਖਣੋਂ  ਡਰਦੇ ਨੇ
ਪੰਜਾਬੀ ਦੇ  ਵਿਚ ਲਿਖਣਾਂ
ਤਾਂ ਉਹ ਜੁਰਮ ਸਮਝਦੇ ਨੇ
ਲਗਦਾ ਅੰਗ੍ਰੇਜ਼ਾਂ ਨੂੰ ਆਪਣਾ
ਕੁੜਮ ਸਮਝਦੇ ਨੇ
ਮੁਕਦੀ ਗਲ ਕੇ ਦੇਵਣ ਧੱਕੇ
ਮਾਂ ਪੰਜਾਬੀ  ਨੂੰ
ਚੰਡੀਗੜ੍ਹ ਵਾਲੇ...........

ਪੰਜਾਬੀ ਨੂੰ ਅੰਗ੍ਰੇਜ਼ੀ ਦਾ
ਉਹ ਤੜਕਾ ਲਾਓਂਦੇ ਨੇ
ਲੋੜ ਪਵੇ ਤਾਂ ਹਿੰਦੀ ਦੇ ਵੀ
ਸ਼ਬਦ ਮਿਲੋਂਦੇ ਨੇ

ਗੁਡ ਮਾਰਨਿੰਗ ਕਹਿਣਾ
ਉਚੀ ਸ਼ਾਨ ਸਮਝਦੇ ਨੇ
ਚੀਜ਼ ਬ੍ਰਾਂਡੇਡ ਲੇਣਾ
ਅਪਨੀ ਸ਼ਾਨ ਸਮਝਦੇ ਨੇ
ਅੰਗ੍ਰੇਜ਼ੀ ਵਿਚ ਜੱਫੀ ਪੌਂਦੇ
ਮਾਂ ਪੰਜਾਬੀ ਨੂੰ
ਚੰਡੀਗੜ੍ਹ ਵਾਲੇ.......

ਮਖਣ ਸਿੰਘ ਵੀ ਲਿਖਦਾ
ਅਪਣਾਂ ਨਾਂ ਅੰਗ੍ਰੇਜ਼ੀ ਚ
ਹਰੀ ਚੰਦ ਵੀ ਭਾਲੇ
ਆਪਣਾਂ ਥਾਂ ਅੰਗ੍ਰੇਜ਼ੀ ਚ
ਮਖਣ ਸਿੰਘ ਵਿਚਾਰਾ
ਏਮ ਏਸ ਜੌੜਾ  ਲਿਖਦਾ ਹੈ
ਹਰੀ ਚੰਦ ਵੀ ਖੁਦ ਨੂੰ
ਏਚ ਸੀ ਅਰੋੜਾ ਲਿਖਦਾ ਹੈ
ਹਵਾ ਨਾਂ ਲਗਨ ਦਿੰਦੇ
ਆਪਣੇ ਨਾਂ ਪੰਜਾਬੀ ਨੂੰ
ਚੰਡੀਗੜ੍ਹ ਵਾਲੇ.............

ਦਰਸ਼ਨ ਛੋਟੇ ਨਾਮ  ਕਈਆਂ ਦੇ
ਵੱਡੀ ਹੁੰਦੇ ਨੇ
ਮੇਰੇ  ਵਰਗੇ ਬਾਬੇ ਘਰਾਂ ਚੋਂ
ਕਢੇ ਹੁੰਦੇ ਨੇ

ਪਾਰਕ ਦੇ ਵਿਚ ਬਹੇ ਕੇ
ਜਦ ਵੀ ਦੁਖ ਵੰਡੌਂਦੇ ਨੇ
ਆਪਣੇ ਦਿਲ ਦਾ ਹਾਲ
ਪੰਜਾਬੀ ਵਿਚ ਸੁਨੋਂਦੇ ਨੇ
ਓਦੋਂ ਯਾਦ ਆਓਂਦਾ
ਰਬ ਦਾ ਨਾਂ ਪੰਜਾਬੀ ਨੂੰ
ਚੰਡੀਗੜ੍ਹ ਵਾਲੇ...........